This question paper contains 2 printed pages]

*Your Roll No.* ..........................

**7508**

**B.A. (PROGRAMME)/I** **E-I**

PUNJABI LANGUAGE (B)—Paper I

*Time* : 3 *Hours* *Maximum Marks* : 100

*(Write your Roll No. on the top immediately on receipt of this question paper.)*

**ਨੋਟ :** ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਚਿੱਠੀ ਲਿਖ ਕੇ ਕਾਲਜ ਵਿਚ ਵਿਦਿਆਰਥੀਆਂ ਲਈ ਹੋਰ ਸਹੂਲਤਾਂ ਦੇਣ ਲਈ ਬੇਨਤੀ ਪੱਤਰ ਲਿਖੋ। 10

**ਜਾਂ**

ਪੰਜਾਬ ਨੈਸ਼ਨਲ ਬੈਂਕ ਦੇ ਮੈਨੇਜਰ ਨੂੰ ਬੈਂਕ ਦੇ ਕਿਸੇ ਕਲਰਕ ਦੇ ਰੁੱਖੇ ਵਤੀਰੇ ਵਿਰੁੱਧ ਇਕ ਸ਼ਿਕਾਇਤੀ ਪੱਤਰ ਲਿਖੋ।

2. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉਪਰ ਪੈਰ੍ਹਾ-ਰਚਨਾ ਕਰੋ। 15

(1) ਸਮੇਂ ਦੀ ਕਦਰ !

(2) ਬਚਤ ਦੇ ਲਾਭ !

(3) ਭ੍ਰਿਸ਼ਟਾਚਾਰ !

3. ਆਪਣੇ ਨਾਲ ਬੀਤੀ ਕਿਸੇ ਦਿਲਚਸਪ ਘਟਨਾ ਨੂੰ ਬਿਰਤਾਂਤਕ ਰੂਪ ਵਿਚ ਲਿਖੋ। 15

4. ਆਪਣੀ ਕੋਈ ਵੀ ਮਨ-ਪਸੰਦ ਪਕਵਾਨ-ਵਿਧੀ ਲਿਖੋ। 10

5. i. ਮੂਲ ਅਤੇ ਰਚਿਤ-ਸ਼ਬਦ ਦਾ ਅੰਤਰ ਉਦਾਹਰਨਾਂ ਦੇ ਕੇ ਸਮਝਾਉ। 10

**ਜਾਂ**

ਸ਼ਬਦ-ਜੋੜਾਂ ਦੇ ਕੋਈ ਪੰਜ ਨੇਮ ਲਿਖੋ।

ii. ਪੰਜ ਸਮਾਸੀ ਸ਼ਬਦ ਲਿਖੋ। 5

P.T.O.

iii. ਨਾਂਵ ਅਤੇ ਪੜਨਾਂਵ ਵਿਚਲਾ ਅੰਤਰ ਉਦਾਹਰਣ ਸਹਿਤ ਸਪਸ਼ਟ ਕਰੋ। 5

iv. ਹੇਠ ਲਿਖੇ ਬਹੁ-ਆਰਥਕ ਸ਼ਬਦਾਂ ਨੂੰ ਦੋ-ਦੋ ਵਾਕਾਂ ਵਿਚ ਵਰਤੋ ਕਿ ਉਹ ਵੱਖ-ਵੱਖ ਅਰਥ ਦੇਣ। 5

ਘੜੀ, ਕੱਚਾ, ਹਾਰ, ਫੁੱਲ, ਖਾਤਰ।

6. ਨਾਂ ਬਦਲਣ ਲਈ ਜਾਂ ਗੁੰਮਸ਼ੁਦਾ ਦੀ ਤਲਾਸ਼ ਲਈ ਇਸ਼ਤਿਹਾਰ ਤਿਆਰ ਕਰੋ। 10

7. ਹੇਠ ਲਿਖੇ ਪੈਰ੍ਹੇ ਦਾ ਸਾਰ ਲਿਖੋ। 15

ਅਗਲੇ ਜ਼ਮਾਨੇ ਕਈਆਂ ਗੱਲਾਂ ਵਿਚ ਹੁਣ ਨਾਲੋਂ ਚੰਗੇ ਸਨ ਤੇ ਕਈਆਂ ਗੱਲਾਂ ਵਿਚ ਹੁਣ ਦਾ ਸਮਾਂ ਵਧੇਰੇ ਵਿਸ਼ਾਲ ਹੈ, ਵਧੇਰੇ ਖੁੱਲ੍ਹਾ ਤੇ ਮੋਕਲਾ ਹੈ। ਮੇਰੇ ਵੇਖਦਿਆਂ ਕਈ ਤਬਦੀਲੀਆਂ ਹੋਈਆਂ ਹਨ, ਜਿਨ੍ਹਾਂ ਵਿਚ ਕੁਝ ਕੁ ਏਥੇ ਪੇਸ਼ ਹਨ। ਸਰੀਰਕ ਤੌਰ ਤੇ ਲੋਕੀਂ ਵਧੇਰੇ ਸੁਹਣੇ ਹੋ ਗਏ ਹਨ, ਖਾਸ ਕਰਕੇ ਔਰਤਾਂ। ਇਸਲਈ ਕਿ ਲੋਕਾਂ ਦਾ ਮੇਲ-ਜੋਲ ਆਪਸ ਵਿਚ ਵਧ ਜਾਣ ਕਰਕੇ ਇਕ ਦੂਜੇ ਨੂੰ ਚੰਗਾ ਲਗਣ ਦੀ ਰੁਚੀ ਵੱਧ ਗਈ ਹੈ। ਨਾਲੇ ਆਪੇ ਦੀ ਸੋਝੀ ਵੱਧਣ ਨਾਲ ਜਿਥੇ ਜ਼ਿੰਦਗੀ ਦੇ ਹੋਰਨਾਂ ਪਾਸਿਆਂ ਵੱਲ ਧਿਆਨ ਵਧਿਆ ਹੈ, ਉਥੇ ਸਰੀਰ ਦੀ ਸੱਜ-ਧੱਜ ਵੱਲ ਵਧੇਰੇ ਧਿਆਨ ਹੋ ਗਿਆ ਹੈ। ਅਗੇ ਕੋਈ ਕੋਈ ਔਰਤ ਖੂਬਸੂਰਤੀ ਵਿਚ ਸਿਰ ਕੱਢ ਗਿਣੀ ਜਾਂਦੀ ਸੀ—ਹੁਣ ਤਾਂ ਸ਼ਹਿਰਾਂ ਵਿਚ ਕੀ ਸਾਧਾਰਨ ਪਿੰਡ ਦੀ ਕੁੜੀ ਸੁਡੌਲਤਾ ਤੇ ਸੁਕੁਮਾਰਤਾ ਵਿਚ ਪੁਰਾਣੀਆਂ ਨਾਇਕਾਵਾਂ ਅਖਵਾਉਣ ਵਾਲੀਆਂ ਨੂੰ ਵੀ ਮਾਤ ਪਾਉਂਦੀ ਹੈ। ਇਸ ਵਿਚ ਨਾਵਲਾਂ, ਨਾਟਕਾਂ ਖਾਸ ਕਰਕੇ ਸਿਨਮੇ ਦੀਆਂ ਝਾਕੀਆਂ ਦਾ ਵੀ ਬਹੁਤ ਹਿੱਸਾ ਹੈ। ਕੁਝ ਆਮ ਸਮਾਜਕ ਖੁੱਲ੍ਹ ਨੇ ਵੀ ਲੋਕਾਂ ਵਿਚ ਆਪਾ ਪ੍ਰਗਟਾਉਣ ਦੀ ਰੁਚੀ ਵਧਾ ਦਿੱਤੀ ਹੈ।